ਪੰਜਾਬ ਸਰਕਾਰ
ਰਾਸਟਰੀ ਸਿਹਤ ਮਿਸ਼ਨ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
ਪੰਜਵੀਂ ਮੰਜਿਲ, ਪਰਿਆਸ ਬਿਲਡਿੰਗ, ਦੱਖਣ ਮਾਰਗ, ਸੈਕਟਰ 38- ਬੀ ਚੰਡੀਗੜ, 160036
☎. 0172-4012011, 4012012, **Fax:** 0172-4012013

ਨੰ. ਰ.ਸ.ਮ./ਪੰ./21/ਐਮ.ਐਚ.ਆਰ/ 81103 ਮਿਤੀ- 15/03/2022

ਵੱਲ

ਸਮੂਹ ਸਿਵਲ ਸਰਜਨ

ਪੰਜਾਬ।

ਵਿਸ਼ਾ:- **ਐਨ.ਐਚ.ਐਮ. ਅਧੀਨ ਜਿਲਿਆਂ ਵਿਚ ਤੈਨਾਤ ਮੈਡੀਕਲ ਅਫਸਰਾਂ ਅਤੇ ਕਰਮਚਾਰੀਆਂ ਦੀ ਤੈਨਾਤੀ ਸਬੰਧੀ।**

ਵਿਸ਼ੇ ਸਬੰਧੀ ਆਪ ਸਭ ਨੂੰ ਦੱਸਿਆਂ ਜਾਂਦਾ ਹੈ ਕਿ ਰਾਸ਼ਟਰੀ ਸਿਹਤ ਮਿਸ਼ਨ ਅਧੀਨ ਮਿਤੀ 04.01.2022 ਨੂੰ 190 ਮੈਡੀਕਲ ਅਫਸਰਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਹਨ। ਇਹਨਾਂ ਮੈਡੀਕਲ ਅਫਸਰਾਂ ਵਿਚੋਂ ਰਾਜ ਵਿਚ Maternal Deaths Rate ਨੂੰ ਕੰਟਰੋਲ ਕਰਨ ਲਈ 23 ਜਿਲ੍ਹਾਂ ਹਸਪਤਾਲਾਂ ਅਤੇ 5 ਸਬ-ਡਵਿਜ਼ਨਲ ਹਸਪਤਾਲਾ (ਅਬੋਹਰ, ਦਸੂਹਾ, ਫਗਵਾੜਾ, ਖਰੜ ਅਤੇ ਜਗਰਾਂਓ) ਦੇ ਜੱਚਾ-ਬੱਚਾ ਵਿੰਗ ( MCH ) ਦੇ ਲੇਬਰ ਰੂਮ ਲਈ 4 ਮੈਡੀਕਲ ਅਫਸਰਾਂ ( ਇਕ ਲੇਬਰ ਰੂਮ ਵਿਚ 4 ਮੈਡੀਕਲ ਅਫਸਰ) ਦੀਆਂ ਨਿਯੁਕਤੀਂ ਕੀਤੀਆਂ ਗਈਆਂ ਹਨ ਤਾਂ ਕਿ ਉਕਤ ਸੰਸਥਾਵਾਂ ਦੇ ਲੇਬਰ ਰੂਮ ਵਿਚ 24 ਘੰਟੇ ਮੈਡੀਕਲ ਅਫਸਰਾਂ ਦੀ ਤੈਨਾਤੀ ਯਕੀਨੀ ਬਣਾਈ ਜਾ ਸਕੇ। ਪਰ ਇਹ ਦੇਖਣ ਵਿਚ ਆਇਆ ਹੈ ਕਿ ਜਿਲ੍ਹਾਂ ਹਸਪਤਾਲਾਂ ਅਤੇ ਸਬ-ਡਵੀਜ਼ਨ ਹਸਪਤਾਲਾ ਵਿਚ ਨਿਯੁਕਤ ਕੀਤੇ ਗਏ ਇਹਨਾਂ ਮੈਡੀਕਲ ਅਫਸਰਾਂ ਨੂੰ ਹੋਰ ਸਟੇਸ਼ਨਾਂ ਤੇ ਤੈਨਾਤ ਕੀਤਾ ਜਾ ਰਿਹਾ ਹੈ।ਇਸ ਲਈ ਆਪ ਸਭ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਨਵੇਂ ਨਿਯੁਕਤ ਮੈਡੀਕਲ ਅਫਸਰਾਂ ਦੀ ਤੈਨਾਤੀ MCH ਵਿੰਗ ਦੇ ਲੇਬਰ ਰੂਮ ਵਿਚ ਹੀ ਸੁਨਿਸ਼ਚਿਤ ਕੀਤੀ ਜਾਵੇ ਤਾਂ ਕਿ Maternal Deaths Rate ਨੂੰ ਕੰਟਰੋਲ ਕੀਤਾ ਜਾ ਸਕੇ।

ਇਸ ਦਫਤਰ ਵੱਲੋਂ ਹੁਕਮ ਨੰ 76516 ਮਿਤੀ 08.11.2021 ਰਾਂਹੀ ਹਦਾਇਤ ਕੀਤੀ ਗਈ ਸੀ ਕਿ ਐਨ.ਐਚ.ਐਮ. ਅਧੀਨ ਨਿਯੁਕਤ ਕਰਮਚਾਰੀਆਂ ਦੀ ਤੈਨਾਤੀ ਉਹਨਾਂ ਦੇ ਅਸਲ ਸਥਾਨ ਤੇ ਹੀ ਰੱਖੀ ਜਾਵੇ ਅਤੇ ਬਿਨਾਂ ਇਸ ਦਫਤਰ ਦੀ ਪ੍ਰਵਾਨਗੀ ਤੋਂ ਆਪਣੇ ਪੱਧਰ ਤੇ ਕਿਸੇ ਵੀ ਕਰਮਚਾਰੀ ਦਾ ਸਟੇਸ਼ਨ ਜਾਂ ਡਿਊਟੀ ਹੋਰ ਸਟੇਸ਼ਨ ਉਪਰ ਨਾ ਲਗਾਈ ਜਾਵੇ। ਇਸ ਸਬੰਧੀ ਫਿਰ ਤੋਂ ਹਦਾਇਤ ਕੀਤੀ ਜਾਂਦੀ ਹੈ ਕਿ ਦਫਤਰੀ ਹੁਕਮ 76516 ਮਿਤੀ 08.11.2021 ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ਅਤੇ ਜਿਲ੍ਹੇ ਵੱਲੋਂ ਆਪਣੇ ਪੱਧਰ ਤੇ ਹੁਕਮ ਨੰ 76516 ਮਿਤੀ 08.11.2021ਦੀ ਅਣਦੇਖੀ ਕਰਦੇ ਹੋਏ ਕੀਤੀਆਂ ਗਈਆਂ ਆਰਜ਼ੀਆਂ ਤੈਨਾਤੀਆਂ ਤੁਰੰਤ ਪ੍ਰਭਾਵ ਤੋਂ ਰੱਦ ਕਰਕੇ ਕਰਮਚਾਰੀਆਂ ਨੂੰ ਉਹਨਾਂ ਦੇ ਅਸਲ ਸਥਾਨ ਤੇ ਤੈਨਾਤ ਕੀਤਾ ਜਾਵੇ।

ਮਿਸ਼ਨ ਡਾਇਰੈਕਟਰ
ਐਨ.ਐਚ.ਐਮ. ਪੰਜਾਬ।